## ਗੁਰਮਤਾ

ਪਰਮ ਸਤਿਕਾਰ ਯੋਗ ਖ਼ਾਲਸਾ ਜੀਉ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

'ਸਤਿਨਾਮੁ' ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਅਤੇ ਉਸ ਦੀ 'ਰਜ਼ਾ' (ਹੁਕਮ) ਅਨੁਸਾਰ ਚੱਲਣ ਵਾਲੇ ਗੁਰਸਿੱਖਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਇਤਿਹਾਸਿਕ ਅਸਥਾਨ 'ਤੇ ਹੋ ਰਿਹਾ ਅੱਜ ਦਾ ਇਹ ਸਮਾਗਮ ਸਮੁੱਚੇ ਸਿੱਖ ਜਗਤ ਨੂੰ ਪੇਸ਼ ਸਮੱਸਿਆਵਾਂ ਉੱਤੇ ਸਾਂਝੀ ਵਿਚਾਰ ਬਣਾਉਣ ਅਤੇ ਪੈਂਤੜਾ ਉਲੀਕਣ ਲਈ ਅਸਲੀ ਸਿੱਖ ਪਰੰਪਰਾਵਾਂ ਦਾ ਪ੍ਰਗਟਾਵਾ ਹੈ। 'ਸਰਬੱਤ ਖ਼ਾਲਸਾ' ਜੀ ਦੇ ਸਮਾਗਮਾਂ ਦੀਆਂ ਇਹਨਾਂ ਪਰੰਪਰਾਵਾਂ ਵਿੱਚ ਆਤਮਾ ਦੀ ਅਵਾਜ਼ ਦਾ ਸਤਿਕਾਰ ਇੱਕ ਮੁੱਢਲਾ ਸਿਧਾਂਤ ਰਿਹਾ ਹੈ। ਆਤਮਾ ਦੀ ਇਸ ਅਵਾਜ਼ ਨੂੰ ਨਸ਼ਟ ਕਰਨ ਲਈ ਅੱਜ ਸਿੱਖਾਂ ਤੇ ਸਿੱਖ ਸਿਧਾਂਤ ਉੱਤੇ ਕਈ ਪਾਸਿਆਂ ਤੋਂ ਮਾਰੂ ਹਮਲੇ ਹੋ ਰਹੇ ਹਨ।

'ਰਾਜ ਬਿਨਾਂ ਨਹਿ ਧਰਮ ਚਲੈ ਹੈ ਧਰਮ ਬਿਨਾਂ ਸਭ ਦਲੈ ਮਲੇ ਹੈ' ਦੇ ਸੁਨਹਿਰੀ ਅਸੂਲਾਂ ਦੀ ਮਹਾਨਤਾ ਸ੍ਰੀ ਗੁਰੂ ਅਰਜਨ ਪਾਤਿਸ਼ਾਹ ਜੀ ਦੀ ਸ਼ਹੀਦੀ ਪਿੱਛੋਂ (ਕਾਰਨ) ਪ੍ਰਤੱਖ ਰੂਪ ਵਿੱਚ ਸਾਹਮਣੇ ਆ ਗਈ ਸੀ। ਸ਼ਹੀਦਾਂ ਦੇ ਸਿਰਤਾਜ ਆਪਣੇ ਪਿਤਾ ਜੀ ਦੇ ਆਦੇਸ਼ਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਸਮੇ ਸੇਹਲੀ, ਟੋਪੀ ਤੇ ਮੰਜੀ ਤਿਆਗ ਕੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ, ਸੀਸ 'ਤੇ ਦਸਤਾਰ ਤੇ ਕਲਗੀ, ਬੈਠਣ ਲਈ ਤਖ਼ਤ, ਸ਼ਸਤਰਧਾਰੀ ਅੰਗ ਰੱਖਿਅਕ, ਘੋੜੇ, ਨਗਾਰਾ ਅਤੇ ਨਿਸ਼ਾਨ ਸਾਹਿਬ ਦੀ ਵਰਤੋਂ ਕਰਕੇ ਮੀਰੀ-ਪੀਰੀ ਤੇ ਸੰਤ-ਸਿਪਾਹੀ ਦੇ ਰੂਪ ਵਿੱਚ ਵਿਚਰਨਾ ਅਰੰਭਿਆ ਤਾਂ ਜੋ 'ਸੰਤ ਉਬਾਰਨ, ਦੁਸਟ ਸੰਘਾਰਨ' ਦੇ ਨਿਸ਼ਾਨੇ ਨੂੰ ਅਮਲੀ ਰੂਪ ਦਿੱਤਾ ਜਾ ਸੱਕੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰਕੇ ਦਿੱਲੀ ਦਰਬਾਰ ਨੂੰ ਇਹ ਦੱਸ ਦਿੱਤਾ ਸੀ ਕਿ ਸਿੱਖ ਕਿਸੇ ਮਨੁੱਖ ਨੂੰ ਨਹੀਂ, ਸਗੋਂ ਕੇਵਲ ਤੇ ਕੇਵਲ ਅਕਾਲ ਪੁਰਖ ਨੂੰ ਹੀ ਸੱਚਾ ਪਾਤਿਸ਼ਾਹ ਮੰਨਦੇ ਹਨ ਅਤੇ ਉਹਨਾਂ ਦਾ ਨਿਸ਼ਾਨਾ ਇਸ ਧਰਤੀ 'ਤੇ ਝੂਠੇ ਰਾਜ ਦੀ ਥਾਂ ਇੱਕ ਅਜਿਹਾ ਸੱਚਾ ਤੇ ਖ਼ਾਲਸਾ ਰਾਜ ਸਥਾਪਤ ਕਰਨਾ ਹੈ, ਜਿਸ ਵਿੱਚ ਝੂਠ, ਫ਼ਰੇਬ ਤੇ ਧੱਕੇਸ਼ਾਹੀ ਦੀ ਕੋਈ ਥਾਂ ਨਾ ਹੋਵੇ ਅਤੇ ਜਿੱਥੇ ਸੱਚ, ਦਇਆ, ਸੰਤੋਖ, ਸਾਧਨਾ, ਸੂਝ, ਗਿਆਨ, ਪ੍ਰੇਮ ਤੇ ਭੈ ਦਾ ਪਹਿਰਾ ਹੋਵੇ ਅਤੇ ਇਹਨਾਂ ਗੁਣਾਂ ਦਾ ਵਿਨਾਸ਼ ਕਰਨ ਵਾਲੀਆਂ ਸ਼ਕਤੀਆਂ ਨੂੰ ਕਰਾਰੀ ਹਾਰ ਦੇਣ ਦਾ ਬਲ ਹੋਵੇ। ਇਸ ਤਰ੍ਹਾਂ ਸਿੱਖਾਂ ਨੇ ਆਪਣੇ ਧਾਰਮਿਕ, ਰਾਜਨੀਤਕ, ਸੱਭਿਆਚਾਰਕ ਮਸਲੇ ਨਜਿੱਠਣ ਲਈ ਅਤੇ ਪੰਥਕ ਮਾਰਗ 'ਤੇ ਦ੍ਰਿੜ੍ਹਤਾ ਨਾਲ ਚੱਲਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਕੇਂਦਰ ਸਥਾਪਤ ਕੀਤਾ ਸੀ।

ਗੁਰੂ ਕਾਲ ਤੋਂ ਪਿੱਛੋਂ ਗੁਰਸਿੱਖਾਂ ਨੇ ਰਾਜਨੀਤਕ, ਧਾਰਮਿਕ ਤੇ ਆਮ ਗ੍ਰਿਸਤੀ ਸਮੱਸਿਆਵਾਂ ਨਜਿੱਠਣ ਲਈ ਅਤੇ ਸੰਕਟਮਈ ਸਥਿਤੀਆਂ ਦਾ ਟਾਕਰਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅਸਥਾਨ ਤੇ ਸਮੇ-ਸਮੇ ਸਰਬੱਤ ਖ਼ਾਲਸਾ ਸਮਾਗਮ ਕਰਨ ਦੀ ਪਰੰਪਰਾ ਤੋਰੀ, ਜੋ ਮਨੁੱਖੀ ਇਤਿਹਾਸ ਵਿੱਚ ਲੋਕ ਰਾਜੀ ਅਤੇ ਮਾਨਵਵਾਦੀ ਪਰੰਪਰਾਵਾਂ ਦੀ ਸਿਖਰ ਸੀ। ਇਹਨਾਂ ਸਮਾਗਮਾਂ ਦੇ ਫ਼ੈਸਲੇ ਮਨੁੱਖੀ ਇਤਿਹਾਸ ਵਿੱਚ ਸੱਚ ਦੇ ਪ੍ਰਤੀਕ ਬਣੇ, ਜੋ ਹਰ ਮਨੁੱਖੀ ਆਤਮਾ ਵਿੱਚ ਇੱਕੋ ਰੂਪ ਵਿੱਚ ਵਿਚਰਦਾ ਹੈ ਤੇ ਜਿਸ ਨੂੰ 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ' ਦੀ ਧਾਰਨਾ ਨਾਲ ਦਰਸਾਇਆ ਜਾ ਸੱਕਦਾ ਹੈ।

'ਪਰਚਾ ਸ਼ਬਦ ਕਾ, ਪੂਜਾ ਅਕਾਲ ਕੀ, ਦੀਦਾਰ ਖ਼ਾਲਸੇ ਕਾ' ਇਹ ਸ਼ਬਦ ਖ਼ਾਲਸਾ ਪੰਥ ਦੇ ਵਾਲੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਕਾਲ ਚਲਾਣੇ ਸਮੇ ਸਿੱਖਾਂ ਨੂੰ ਆਮ ਜੀਵਨ ਵਿੱਚ ਸੱਚੇ ਮਾਰਗ 'ਤੇ ਚੱਲਣ ਲਈ ਸੇਧ ਦੇਣ ਵਜੋਂ ਕਹੇ ਸਨ। ਇਸੇ ਸੇਧ ਸਦਕਾ ਧਰਤੀ ਦੇ ਇਸ ਖਿੱਤੇ ਵਿੱਚ ਅਕਾਲ ਪੁਰਖ ਦੇ ਤਖ਼ਤ (ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਸਰਦਾਰੀ ਹੇਠ ਧਰਮ ਦੇ ਰਾਜ ਦੀ ਥੋੜ੍ਹਾ ਸਮਾ ਸਥਾਪਨਾ ਹੋਈ।

੧੯੪੭ ਪਿੱਛੋਂ ਬ੍ਰਾਹਮਣਾਂ-ਬਾਣੀਆਂ ਦੀ ਰਾਜ ਸਤਾ 'ਤੇ ਸਰਦਾਰੀ ਕਾਇਮ ਹੋਣ ਕਾਰਨ ਕੁਝ ਸਿੱਖਾਂ ਅੰਦਰ ਲਾਲਚ, ਹਉਮੈ, ਕੂੜ, ਮਕਾਰੀ, ਕਾਇਰਤਾ ਤੇ ਕੱਚ ਦਾ ਇੰਨਾ ਡੂੰਘਾ ਪਰਵੇਸ਼ ਹੋ ਗਿਆ ਹੈ ਕਿ ਸਿੱਖ ਸਮਾਜ 'ਤੇ ਹਾਵੀ ਲੋਕਾਂ ਅੰਦਰ ਸੱਚ ਤੇ ਕੱਚ ਨੂੰ ਪਰਖਣ ਦੀ ਸੂਝ ਭੀ ਮੱਠੀ ਪਈ ਜਾਪਦੀ ਹੈ। ਇਹਨਾਂ ਕਮਜ਼ੋਰੀਆਂ ਦਾ ਲਾਭ ਉਠਾ ਕੇ ਭਾਰਤ ਦੇ ਬ੍ਰਾਹਮਣਾਂ-ਬਾਣੀਆਂ ਨੇ ਦਿੱਲੀ ਦਰਬਾਰ ਦੀ ਸ਼ਕਤੀ ਵਰਤ ਕੇ, ਸਿੱਖ ਸਿਧਾਂਤ, ਗੁਰਧਾਮਾਂ ਅਤੇ ਅਜੋਕੇ ਸਮਾਜ ਵਿੱਚ ਸਿੱਖ ਹੱਕਾਂ ਨੂੰ ਕੁਚਲਿਆ। ਨਰਕਧਾਰੀਆਂ ਤੇ ਪੰਜਾਬ ਦੇ ਆਰੀਆ ਸਮਾਜੀਆਂ ਰਾਹੀਂ ਸਿੱਖ ਸਿਧਾਂਤ, ਸੱਭਿਆਚਾਰ ਤੇ ਸਿੱਖਾਂ ਦੀ ਕਿਰਤ-ਕਮਾਈ ਉੱਤੇ ਵੱਡੇ ਹੱਲੇ ਕੀਤੇ ਅਤੇ ਛਾਪੇ ਮਾਰੇ, ਜਿਸ ਨੂੰ ਅੱਜ ਦੀ ਬੋਲੀ ਵਿੱਚ ਸਾਮਰਾਜੀ ਲੁੱਟ ਦਾ ਨਾਂਅ ਦਿੱਤਾ ਜਾ ਸੱਕਦਾ ਹੈ। ਸਿੱਖ ਬਹੁਗਿਣਤੀ ਵੱਸੋਂ ਵਾਲੇ ਪੰਜਾਬ ਦੇ ਇਲਾਕਿਆਂ, ਪਾਣੀਆਂ, ਬਿਜਲੀ ਤੇ ਜਿਨਸਾਂ ਦੀ ਪੈਦਾਵਾਰ ਉੱਤੇ ਬ੍ਰਾਹਮਣਾਂ-ਬਾਣੀਆਂ ਅਤੇ ਦੂਜਿਆਂ ਪ੍ਰਾਤਾਂ ਦਾ ਕਬਜ਼ਾ ਕਰਵਾਇਆ ਗਿਆ ਹੈ ਤੇ ਭਾਰਤ ਦੇ ਕਨੂੰਨਾਂ ਦੀ ਉਲੰਘਣਾ ਕਰਕੇ ਸਿੱਖਾਂ ਦੇ ਇਹ ਹੱਕ ਖੋਹਣ ਦੀ ਦਿੱਲੀ ਦਰਬਾਰ ਦੇ ਹਾਕਮਾਂ ਦੀ ਇਹ ਪ੍ਰਵਿਰਤੀ ਅਜੇ ਵੀ ਜਾਰੀ ਹੈ।

ਪੰਜਾਬ ਦਾ ਫ਼ਿਰਕਾਪ੍ਰਸਤ ਬਾਣੀਆ, ਪੰਜਾਬੀ ਬੋਲੀ ਮੰਨਣ ਤੋਂ ਇਨਕਾਰੀ ਹੋਇਆ ਤੇ ਇਸ

ਨੇ ਕੁਝ ਦਰਬਾਰਾ ਸਿੰਘ ਵਰਗੇ ਕਾਂਗਰਸੀ ਸਿੱਖਾਂ ਨੂੰ ਨਾਲ ਰਲਾ ਕੇ, ਸਿੱਖ ਵੱਸੋਂ ਵਾਲੇ ਇਲਾਕੇ ਪੰਜਾਬੋਂ ਬਾਹਰ ਰੱਖਣ ਅਤੇ ਪੰਜਾਬ ਦੇ ਪਾਣੀ, ਬਿਜਲੀ ਤੇ ਡੈਮਾਂ ਨੂੰ ਕੇਂਦਰ ਜਾਂ ਦੂਜਿਆਂ ਪ੍ਰਾਂਤਾਂ ਨੂੰ ਸੌਂਪਣ ਲਈ ਜ਼ੋਰ ਲਾਇਆ ਅਤੇ ਅਖ਼ਬਾਰਾਂ ਉੱਤੇ ਆਪਣੇ ਕਬਜ਼ੇ ਦੀ ਦੁਰਵਰਤੋਂ ਕਰਕੇ ਇਹਨਾਂ ਸਿੱਖ ਮਾਰੂ ਤੱਥਾਂ ਦੀ ਭਾਰੀ ਵਕਾਲਤ ਕੀਤੀ। ਇਸ ਤਰ੍ਹਾਂ ਪੰਜਾਬ ਦੇ ਆਰੀਆ ਸਮਾਜੀਆਂ ਤੇ ਫ਼ਿਰਕਾਪ੍ਰਸਤ ਬਾਣੀਆਂ ਨੇ ਪੰਜਾਬ ਦੇ ਹਿੱਤਾਂ ਨਾਲ ਗ਼ੱਦਾਰੀ ਕੀਤੀ ਅਤੇ ਆਪਣੀ ਸ਼ੈਤਾਨ ਪ੍ਰਵਿਰਤੀ ਰਾਹੀਂ ਸਿੱਖਾਂ ਨੂੰ ਅੱਤਵਾਦੀ, ਅਤੰਕਵਾਦੀ ਤੇ ਵੱਖਵਾਦੀ ਗਰਦਾਨਿਆ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਉਹਨਾਂ ਦੇ ਸਹਿਯੋਗੀਆਂ ਨੂੰ ਕਤਲ ਕਰਨ, ਸਿੱਖ ਗੁਰਧਾਮ ਬਰਬਾਦ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਸਮਰਥਨ ਕੀਤਾ।

'ਸਰਬੱਤ ਖ਼ਾਲਸਾ' ਜੀ ਦਾ ਇਹ ਸਮਾਗਮ ਪੰਜਾਬ ਦੇ ਉਹਨਾਂ ਸਾਰੇ ਵਸਨੀਕਾਂ ਨੂੰ ਜਿਹਨਾਂ ਨੇ ਪੰਜਾਬ ਦੇ ਅਤੇ ਸਿੱਖਾਂ ਦੇ ਹੱਕ ਖੁਹਾਉਣ ਦੀ ਵਕਾਲਤ ਕੀਤੀ, ਨੂੰ ਪੰਜਾਬ ਦੇ ਗ਼ੱਦਾਰ ਮੰਨਦਾ ਹੈ ਅਤੇ ਸਿੱਖ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਅਜਿਹੇ ਲੋਕਾਂ ਨਾਲੋਂ ਆਪਣਾ ਨਾਤਾ ਤੋੜਨ ਦਾ ਯਤਨ ਕਰਨ। ਉਹਨਾਂ ਲੋਕਾਂ ਪਾਸੋਂ ਨਾ ਹੀ ਕੋਈ ਚੀਜ਼ ਖ਼ਰੀਦਣ ਅਤੇ ਨਾ ਹੀ ਉਹਨਾਂ ਨੂੰ ਕੋਈ ਚੀਜ਼ ਵੇਚਣ।

੧੯੭੮ ਤੋਂ ਦਮਦਮੀ ਟਕਸਾਲ ਦੇ ਚੌਦਵੇਂ ਜਥੇਦਾਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਇਹਨਾਂ ਸਿੱਖ ਵਿਰੋਧੀ ਰੁਚੀਆਂ ਨੂੰ ਠੱਲ੍ਹ ਪਾਉਣ ਲਈ ਸਿੱਖਾਂ ਨੂੰ ਲਾਮਬੰਦ ਕੀਤਾ, ਪਰ ਸਰਕਾਰ ਅਤੇ ਫ਼ਿਰਕਾਪ੍ਰਸਤ ਬਾਣੀਆਂ ਨੇ ਪ੍ਰਚਾਰ ਸਾਧਨਾਂ ਦੀ ਦੁਰਵਰਤੋਂ ਕਰਕੇ ਰੇਡੀਓ, ਟੈਲੀਵੀਜ਼ਨ ਤੇ ਅਖ਼ਬਾਰਾਂ ਰਾਹੀਂ ਸਿੱਖਾਂ ਨੂੰ ਅਤੇ ਸਿੱਖਾਂ ਦੇ ਸਮਰਥਕਾਂ ਨੂੰ ਅੱਤਵਾਦੀ, ਵੱਖਵਾਦੀ, ਅਤੰਕਵਾਦੀ ਤੇ ਹੋਰ ਅਨੇਕਾਂ ਮੰਦੇ ਅੱਖਰਾਂ ਵਿੱਚ ਪੇਸ਼ ਕੀਤਾ ਅਤੇ ਹੀਰਿਆਂ ਵਰਗੇ ਸਿੱਖ ਨੌਜੁਆਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨਾ ਅਰੰਭਿਆ ਤੇ ਉਸ ਦੀ ਵਕਾਲਤ ਕੀਤੀ।

ਦੂਸਰੇ ਪਾਸੇ ਲੌਂਗੋਵਾਲ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਧੜਿਆਂ ਨੇ ਵੀ ਅੰਦਰਖਾਤੇ 'ਧਰਮ ਯੁੱਧ ਮੋਰਚੇ' ਸਮੇ ਫ਼ਿਰਕਾਪ੍ਰਸਤ ਬ੍ਰਾਹਮਣਾਂ-ਬਾਣੀਆਂ ਅਤੇ ਦਿੱਲੀ ਦਰਬਾਰ ਨਾਲ ਪੂਰਾ ਤਾਲ ਮੇਲ ਰੱਖਿਆ। ਇਹਨਾਂ ਧੜਿਆਂ ਦੀ ਸ਼ਹਿ 'ਤੇ ਸਿੱਖ ਜਗਤ ਵਿੱਚ ਫੁੱਟ ਤੇ ਭੁਲੇਖੇ ਪਾ ਕੇ ਦਿੱਲੀ ਦਰਬਾਰ ਨੇ ਜੂਨ ੧੯੮੪ ਵਿੱਚ ਸਿੱਖਾਂ ਵਿਰੁੱਧ ਜੰਗ ਦਾ ਐਲਾਨ ਕਰਕੇ, ਸ੍ਰੀ ਹਰਿਮੰਦਰ ਸਾਹਿਬ ਸਮੂਹ 'ਤੇ ਫ਼ੌਜੀ ਹਮਲਾ ਕੀਤਾ। ਇਸ ਹਮਲੇ ਵਿੱਚ ਭਾਰਤੀ ਫ਼ੌਜ ਨੇ ਟੈਂਕ, ਤੋਪਾਂ, ਹਵਾਈ ਜਹਾਜ਼ ਅਤੇ ਜ਼ਹਿਰੀਲੀਆਂ ਗੈਸਾਂ ਵਰਤ ਕੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ਾਰਾਂ ਸਰੂਪ ਤੇ ਅਨੇਕਾਂ ਵੱਡਮੁੱਲੀਆਂ ਵਸਤਾਂ ਨਸ਼ਟ ਕੀਤੀਆਂ, ਤੋਸ਼ਾਖ਼ਾਨਾ ਤੇ ਗੋਲਕਾਂ ਲੁੱਟੀਆਂ, ਦਮਦਮੀ ਟਕਸਾਲ ਦੇ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਯੋਧੇ ਅਤੇ ਹੋਰ ਹਜ਼ਾਰਾਂ ਸਿੱਖ ਬੱਚੇ, ਇਸਤਰੀਆਂ, ਮਰਦ ਅਤੇ ਸਿੱਖ ਫ਼ੌਜੀ ਵੀਰ ਸ਼ਹੀਦ ਕੀਤੇ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਅਤੇ ਬਾਹਰ ਸਿੱਖ ਬੀਬੀਆਂ ਦੀਆਂ ਇੱਜ਼ਤਾਂ ਲੁੱਟੀਆਂ ਅਤੇ ਉਥੇ ਸਿਗਰਟਾਂ ਤੇ ਸ਼ਰਾਬ ਦੀ ਅੰਨ੍ਹੀ ਵਰਤੋਂ ਕੀਤੀ। ਵੱਡੀ ਪੱਧਰ 'ਤੇ ਸਿੱਖਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਜੇਲ੍ਹੀਂ ਡੱਕਿਆ ਗਿਆ। ਪਿੱਛੇ ਹੱਥ ਬੰਨ੍ਹ ਕੇ ਸਾਹ ਘੁੱਟਵੇਂ ਕਮਰਿਆਂ ਵਿੱਚ ਤਾੜ ਕੇ ਜਾਨੋ ਮਾਰਿਆ ਗਿਆ। ਪੰਜਾਬ ਤੇ ਪੰਜਾਬੋਂ ਬਾਹਰ (ਇੰਦਰਾ ਕਤਲ ਪਿੱਛੋਂ) ਸੈਂਕੜੇ ਗੁਰਧਾਮ ਨਸ਼ਟ ਕੀਤੇ, ਅਰਬਾਂ ਰੁਪਏ ਦੀ ਸਿੱਖਾਂ ਦੀ ਜਾਇਦਾਦ ਲੁੱਟੀ ਤੇ ਬਰਬਾਦ ਕੀਤੀ। ਉਹਨਾਂ ਨੂੰ ਜਿਊਂਦੇ ਜੀਅ ਸਾੜਿਆ ਅਤੇ ਗੱਡੀਆਂ ਵਿੱਚੋਂ ਧੂਹ-ਧੂਹ ਕੇ ਮਾਰਿਆ ਗਿਆ। ਐਡੀ ਵੱਡੀ ਪੱਧਰ 'ਤੇ ਇਹ ਅਤੀ ਅਣਮਨੁੱਖੀ ਘਟਨਾਵਾਂ ਦਿੱਲੀ ਦਰਬਾਰ ਦੇ ਕਹਿਣ 'ਤੇ ਹੋਈਆਂ। ਇਹ ਸਮਾਗਮ ਇਹਨਾਂ ਸਰਕਾਰੀ ਜ਼ੁਲਮਾਂ ਕਾਰਨ ਦਿੱਲੀ ਦਰਬਾਰ ਤੇ ਚੰਡੀਗੜ੍ਹ ਸਰਕਾਰ ਨੂੰ ਅੱਤਵਾਦੀ, ਅਤੰਕਵਾਦੀ, ਚੋਰਾਂ, ਧਾੜਵੀਆਂ ਤੇ ਗੁੰਡਿਆਂ ਦੀ ਸਰਪ੍ਰਸਤ ਅਤੇ ਵੱਖਵਾਦ ਨੂੰ ਫੈਲਾਉਣ ਦੀਆਂ ਜ਼ਿੰਮੇਵਾਰ ਸਮਝਦਾ ਹੈ ਅਤੇ ਰਾਜੀਵ ਗਾਂਧੀ ਨੂੰ ਨਿੱਜੀ ਤੌਰ 'ਤੇ ਪਿਛਲੀਆਂ ਚੋਣਾਂ ਸਮੇ ਸਿੱਖਾਂ ਵਿਰੁੱਧ ਅਤੇ 'ਅਨੰਦਪੁਰ ਸਾਹਿਬ ਦੇ ਮਤੇ' ਸੰਬੰਧੀ ਅੱਤ ਝੂਠਾ ਪ੍ਰਚਾਰ ਕਰਨ ਲਈ ਦੋਸ਼ੀ ਸਮਝਦਾ ਹੈ।

ਇਹ ਸਮਾਗਮ ਇਹਨਾਂ ਘਟਨਾਵਾਂ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਤੇ ਸਿੱਖਾਂ ਦੇ ਕਤਲੇਆਮ ਲਈ ਹੋਰਨਾਂ ਤੋਂ ਛੁੱਟ ਇੰਦਰਾ ਗਾਂਧੀ, ਰਾਜੀਵ ਗਾਂਧੀ, ਭਜਨ ਲਾਲ, ਜ਼ੈਲ ਸਿੰਘ,

ਬੂਟਾ ਸਿੰਘ, ਦਰਬਾਰਾ ਸਿੰਘ, ਸੁਰਿੰਦਰ ਨਾਥ, ਐੱਨ. ਐੱਨ. ਵੋਹਰਾ, ਅਜੀਤ ਕੁਮਾਰ, ਐੱਚ. ਕੇ. ਐੱਲ. ਭਗਤ, ਜਗਦੀਸ਼ ਟਾਈਟਲਰ, ਅਰੁਨ ਸਿੰਘ, ਅਰੁਨ ਨਹਿਰੂ, ਜਨਰਲ ਬਰਾੜ, ਜਨਰਲ ਦਿਆਲ, ਜਨਰਲ ਸੁੰਦਰਜੀ ਅਤੇ ਜਨਰਲ ਵੈਦਿਆ ਨੂੰ ਦੋਸ਼ੀ ਠਹਿਰਾਉਂਦਾ ਹੈ ਅਤੇ ਹਰਕ੍ਰਿਸ਼ਨ ਸੁਰਜੀਤ, ਅਵਤਾਰ ਸਿੰਘ ਮਲਹੋਤਰਾ, ਸਤਿਪਾਲ ਡਾਂਗ ਨੂੰ ਇਹਨਾਂ ਕਾਤਲਾਂ ਦੇ ਸਿਧਾਂਤਕ ਆਗੂ, ਜਿਹੜੇ ਹਰ ਅੰਮ੍ਰਿਤਧਾਰੀ ਸਿੱਖ ਨੂੰ ਵਿਦੇਸੀ ਏਜੰਟ ਕਹਿੰਦੇ ਹਨ।

ਬ੍ਰਾਹਮਣਾਂ-ਬਾਣੀਆਂ ਦੀ ਫ਼ਿਰਕਾਪ੍ਰਸਤੀ ਤੇ ਸਿੱਖ ਦੁਸ਼ਮਣੀ ਦੀਆਂ ਰੁਚੀਆਂ ਰੱਖਣ ਵਾਲੇ ਜਿਹਨਾਂ ਪੱਤਰਕਾਰਾਂ ਨੇ ਸਿੱਖਾਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕੀਤਾ, ਉਹਨਾਂ ਵਿੱਚ ਲਾਲਾ ਜਗਤ ਨਰਾਇਣ, ਅਰੁਨ ਸ਼ੋਰੀ, ਗਿਰੀ ਲਾਲ ਜੈਨ, ਐੱਨ. ਸੀ. ਮੈਨਨ, ਬੀ. ਕੇ. ਚੰਮ, ਪ੍ਰੇਮ ਭਾਟੀਆ, ਵਰਿੰਦਰ, ਅਕਬਰ ਅਹਿਮਦ, ਸੰਜੀਵ ਗੌੜ, ਜਗਜੀਤ ਅਨੰਦ, ਯੂ. ਐੱਨ. ਆਈ. ਤੇ ਪੀ. ਟੀ. ਆਈ. ਖ਼ਬਰ ਦੇਣ ਵਾਲੀਆਂ ਏਜੰਸੀਆਂ ਦੇ ਕਰਿੰਦੇ ਵਰਣਨ ਯੋਗ ਹਨ। ਇਹਨਾਂ ਲੋਕਾਂ ਦੀ ਪਲੀਤ ਸੋਚ ਇਥੋਂ ਤੱਕ ਗਿਰ ਗਈ ਕਿ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੇ ਪਵਿੱਤਰ ਅਸਥਾਨ 'ਤੇ ਅੱਤ ਘਿਰਣਤ ਨਸ਼ੀਲੀਆਂ ਵਸਤੂਆਂ ਦੀ ਹੋਂਦ ਅਤੇ ਨਾਮ ਬਾਣੀ ਦੇ ਰਸੀਏ, ਉੱਚੇ-ਸੁੱਚੇ ਇਖ਼ਲਾਕ ਦੇ ਸਿੱਖਾਂ ਨੂੰ ਕੁਕਰਮੀਆਂ ਦੇ ਰੂਪ ਵਿੱਚ ਪੇਸ਼ ਕੀਤਾ ਅਤੇ ਸਿੱਖ ਕੌਮ ਦੇ ਦਿਲਾਂ ਦੀ ਧੜਕਣ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਲਈ ਬਹੁਤ ਭੈੜੇ ਸ਼ਬਦ ਵਰਤੇ। ਇਹ ਲੋਕ ਆਮ ਅੰਮ੍ਰਿਤਧਾਰੀ ਸਿੱਖਾਂ ਨੂੰ ਚੋਰ, ਡਾਕੂ, ਗੁੰਡੇ ਅਤੇ ਗੁਰਧਾਮਾਂ ਨੂੰ ਗੁਨਾਹਗਾਰਾਂ ਦੇ ਅੱਡੇ ਦੱਸਦੇ ਰਹੇ। ਇਹ ਸਮਾਗਮ ਇਸ ਝੂਠ ਤੇ ਅਪਰਾਧਾਂ ਭਰੇ ਪ੍ਰਚਾਰ ਦੀ ਸਥਿਤੀ ਨੂੰ ਠੱਲ੍ਹ ਪਾਉਣ ਲਈ ਸਮੂਹ ਸਿੱਖ ਸੰਗਤਾਂ ਨੂੰ ਅਤੇ ਖ਼ਾਸ ਕਰਕੇ ਹਉਮੈ ਰਹਿਤ ਸਿੱਖ ਬੁੱਧੀਜੀਵੀਆਂ ਨੂੰ ਵੱਡੀ ਪੱਧਰ 'ਤੇ ਆਪਣੇ ਅਖ਼ਬਾਰ ਤੇ ਰਸਾਲੇ ਛਾਪਣ ਲਈ ਉਪਰਾਲੇ ਕਰਨ ਲਈ ਪ੍ਰੇਰਦਾ ਹੈ ਅਤੇ ਸਿੱਖ ਪੱਤਰਕਾਰਾਂ ਤੇ ਅਖ਼ਬਾਰਾਂ ਖ਼ਾਸ ਕਰਕੇ ਅਜੀਤ ਤੇ ਅਕਾਲੀ ਪੱਤ੍ਰਿਕਾ ਨੂੰ ਝੂਠ ਬੋਲਣ ਦੀ ਅਜਿਹੀ ਪ੍ਰਵਿਰਤੀ ਤੋਂ ਸੰਕੋਚ ਕਰਨ ਦੀ ਹਦਾਇਤ ਕਰਦਾ ਹੈ।

ਇਹ ਸਮਾਗਮ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਾਖੀ ਕਰਦੇ ਹੋਏ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਅਤੇ ਸਿੱਖਾਂ ਦੀ ਅਣਖ ਤੇ ਪੱਤ ਦੀ ਰਾਖੀ ਲਈ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਅਨੇਕਾਂ ਹੋਰ ਸ਼ਹੀਦ ਵੀਰਾਂ ਤੇ ਭੈਣਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਦਾ ਹੈ। ਇਹ ਸਮਾਗਮ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਨਿਕਟਵਰਤੀ ਸਹਿਯੋਗੀਆਂ ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਬਾਬਾ ਠਾਰਾ ਸਿੰਘ, ਭਾਈ ਰਛਪਾਲ ਸਿੰਘ, ਸੰਤ ਸੁਜਾਨ ਸਿੰਘ, ਬੀਬੀ ਉਪਕਾਰ ਕੌਰ ਅਤੇ ਸ. ਬੇਅੰਤ ਸਿੰਘ ਅਤੇ ਹੋਰ ਹਜ਼ਾਰਾਂ ਉਹਨਾਂ ਸਿੰਘਾਂ-ਸਿੰਘਣੀਆਂ ਨੂੰ ਜਿਹਨਾਂ ਨੇ ਆਪਣੇ ਖ਼ੂਨ ਦੀ ਅਹੂਤੀ ਦੇ ਕੇ ਸਿੱਖਾਂ ਦੀ ਪੱਤ ਤੇ ਅਣਖ ਬਚਾਉਣ ਦਾ ਯਤਨ ਕੀਤਾ, ਸਿੱਖ ਕੌਮ ਦੇ ਅਨਮੋਲ ਸ਼ਹੀਦਾਂ ਦੀ ਪਦਵੀ ਦਿੰਦਾ ਹੋਇਆ, ਉਹਨਾਂ ਦਾ ਰੋਮ-ਰੋਮ ਧੰਨਵਾਦ ਕਰਦਾ ਹੈ।

'ਸਰਬੱਤ ਖ਼ਾਲਸਾ' ਜੀ ਦਾ ਇਹ ਸਮਾਗਮ ਅਜਿਹੇ ਸਿੱਖ ਸਦਵਾਉਣ ਵਾਲੇ ਲੋਕਾਂ ਨੂੰ ਫਿਟਕਾਰ ਪਾਉਂਦਾ ਹੈ, ਜਿਹਨਾਂ ਨੇ ਅੰਦਰਖਾਤੇ ਦਿੱਲੀ ਦਰਬਾਰ ਨਾਲ ਸਾਜ਼-ਬਾਜ਼ ਕਰਕੇ ਦਮਦਮੀ ਟਕਸਾਲ ਦੇ ਸਿੰਘਾਂ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੈਸ਼ਨ ਦੇ ਜੁਝਾਰੂਆਂ ਅਤੇ ਆਮ ਸਿੱਖਾਂ ਦਾ ਕਤਲੇਆਮ ਕਰਵਾਇਆ ਤੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਖਾਧੀਆਂ ਕਸਮਾਂ ਤੋੜ ਗਏ। 'ਸ੍ਰੀ ਅਨੰਦਪੁਰ ਸਾਹਿਬ ਦੇ ਮਤੇ' ਦੀ ਪ੍ਰਾਪਤੀ ਤੋਂ ਘੱਟ ਕੋਈ ਵੀ ਸਮਝੌਤਾ ਨਾ ਕਰਨ ਦੇ ਸਿੱਖ ਜਗਤ ਨਾਲ ਕੀਤੇ ਹੋਏ ਕਸਮਾਂ ਅਧੀਨ ਬਚਨ ਭੀ ਤੋੜ ਗਏ। ਇਸ ਵਿਸ਼ਵਾਸਘਾਤ ਤੇ ਗ਼ੱਦਾਰੀ ਲਈ ਇਹ ਸਮਾਗਮ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ, ਸੁਖਜਿੰਦਰ ਸਿੰਘ, ਬਲਵੰਤ ਸਿੰਘ ਰਾਮੂਵਾਲੀਆ ਅਤੇ ਰਵੀਇੰਦਰ ਸਿੰਘ ਆਦਿ ਨੂੰ ਮੁੱਖ ਦੋਸ਼ੀ ਮੰਨਦਾ ਹੋਇਆ, ਇਹਨਾਂ ਲੋਕਾਂ ਨੂੰ ਸਿੱਖ ਕੌਮ ਦੇ ਗ਼ੱਦਾਰ ਕਰਾਰ ਦਿੰਦਾ ਹੈ। ਇੰਦਰਾ ਗਾਂਧੀ ਵੱਲੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਲਈ ਦੋ ਸੌ ਕਰੋੜ ਦੀ ਖ਼ਿਲਅਤ ਲਿਆਉਣ ਤੇ ਉਹਨਾਂ ਪਾਸੋਂ ਫਿਟਕਾਰ ਤੇ ਧੱਕੇ ਖਾਣ ਵਾਲੇ ਪਟਿਆਲੇ ਦੇ ਰਾਜ ਕੁਮਾਰ ਅਮਰਿੰਦਰ ਸਿੰਘ ਨੂੰ ਬੁੱਕਲ ਦਾ ਸੱਪ ਸਮਝਦਾ ਹੈ।

ਇਹ ਸਮਾਗਮ ਆਪਣੇ ਆਪ ਨੂੰ ਸਿੰਘ ਸਾਹਿਬਾਨ ਅਤੇ ਧਾਰਮਿਕ ਸ਼ਖ਼ਸੀਅਤਾਂ ਸਦਵਾਉਣ

ਵਾਲੇ ਉਹਨਾਂ ਲੋਕਾਂ ਨੂੰ ਸਿੱਖ ਕੌਮ ਦੇ ਵਿਸ਼ਵਾਸਘਾਤੀ ਮੰਨਦਾ ਹੈ, ਜਿਹਨਾਂ ਨੇ ਉੱਚ ਸਿੱਖ ਧਾਰਮਿਕ ਪਦਵੀਆਂ 'ਤੇ ਹੁੰਦਿਆਂ ਹੋਇਆਂ ਦਿੱਲੀ ਦਰਬਾਰ ਦੇ ਹਾਕਮਾਂ ਨਾਲ ਗਾਂਢਾ-ਸਾਂਢਾ ਕੀਤਾ ਅਤੇ ਸਰਕਾਰੀ ਹਾਕਮਾਂ ਦੀ ਗ਼ੁਲਾਮੀ ਕਬੂਲ ਕੇ ਉਹਨਾਂ ਨੂੰ ਦੋਸ਼ ਮੁਕਤ ਕੀਤਾ ਤੇ ਜੁਝਾਰੂ ਸਿੰਘਾਂ ਵਿਰੁੱਧ ਝੂਠੀਆਂ ਗੱਲਾਂ ਕਹੀਆਂ। ਆਪਣੇ ਉੱਚ ਅਹੁਦਿਆਂ ਦੀ ਮਰਯਾਦਾ ਭੰਗ ਕਰਨ ਸਦਕਾ ਇਹ ਸਮਾਗਮ ਗਿਆਨੀ ਕਿਰਪਾਲ ਸਿੰਘ ਨੂੰ ਦੋਸ਼ੀ ਮੰਨਦਾ ਹੋਇਆ, ਇਹਨਾਂ ਨੂੰ ਇਹਨਾਂ ਪਦਵੀਆਂ ਤੋਂ ਸੇਵਾ ਮੁਕਤ ਕਰਦਾ ਹੈ ਅਤੇ ਸੰਤਾ ਸਿੰਘ ਨਿਹੰਗ ਨੂੰ ਕੌਮ ਦਾ ਗ਼ੱਦਾਰ ਕਰਾਰ ਦਿੰਦਾ ਹੈ। ਇਹ ਸਮਾਗਮ ਭਾਈ ਜਸਬੀਰ ਸਿੰਘ ਜੀ ਨੂੰ, ਜੋ ਸਾਗਰ ਜੇਲ੍ਹ ਵਿੱਚ ਨਜ਼ਰਬੰਦ ਹਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਜਥੇਦਾਰ ਨਿਯੁਕਤ ਕਰਦਾ ਹੈ। ਉਹਨਾਂ ਦੀ ਗ਼ੈਰ-ਹਾਜ਼ਰੀ ਵਿੱਚ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਕਲਾਂ ਕਾਇਮ ਮੁਕਾਮ ਜਥੇਦਾਰ ਹੋਣਗੇ। ਇਹ ਸਮਾਗਮ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿ. ਸਾਹਿਬ ਸਿੰਘ ਨੂੰ ਸੇਵਾ ਮੁਕਤ ਕਰਕੇ, ਉਹਨਾਂ ਦੀ ਥਾਂ ਭਾਈ ਬਖ਼ਸ਼ੀਸ਼ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕਰਦਾ ਹੈ।

ਇਹ ਸਮਾਗਮ ਲੌਂਗੋਵਾਲ-ਰਾਜੀਵ ਸਮਝੌਤੇ ਨੂੰ ਰੱਦ ਕਰਦਾ ਹੈ, ਕਿਉਂਕਿ ਇਹ ਸਮਝੌਤਾ ਸਿੱਖਾਂ ਨਾਲ ਵਿਸ਼ਵਾਸਘਾਤ ਹੈ ਅਤੇ 'ਸ੍ਰੀ ਅਨੰਦਪੁਰ ਸਾਹਿਬ ਦੇ ਮਤੇ' ਦੀ ਪੂਰਨ ਪ੍ਰਾਪਤੀ ਦੇ ਆਪਣੇ ਮਿਥੇ ਹੋਏ ਨਿਸ਼ਾਨੇ ਦੇ ਕਿਧਰੇ ਨੇੜੇ ਵੀ ਨਹੀਂ ਢੁੱਕਦਾ। ਇਹ ਸਮਾਗਮ ਪੂਰੀ ਦ੍ਰਿੜ੍ਹਤਾ ਨਾਲ ਇਹ ਐਲਾਨ ਕਰਦਾ ਹੈ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸਿੱਖਾਂ ਦਾ ਸੰਘਰਸ਼ ਜਾਰੀ ਹੈ ਤੇ ਇਸ ਲਈ ਉਹ ਭਾਰਤ ਅਤੇ ਸਾਰੀ ਦੁਨੀਆ ਵਿੱਚੋਂ ਉਹਨਾਂ ਸਾਰੇ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਦੇ ਹੋਏ ਲੜਨਗੇ ਤੇ ਉਹਨਾਂ ਨੂੰ ਸਹਿਯੋਗ ਦੇਣਗੇ, ਜਿਹੜੇ ਆਪਣੇ ਹੱਕਾਂ ਅਤੇ ਆਤਮਾ ਦੀ ਅਵਾਜ਼ ਦੇ ਖੁੱਲ੍ਹੇ-ਡੁੱਲ੍ਹੇ ਪ੍ਰਗਟਾਵੇ ਲਈ ਜੂਝ ਰਹੇ ਹਨ। ਇਹ ਸਮਾਗਮ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਸਿੱਖਾਂ ਦਾ ਕਿਸੇ ਦੂਸਰੇ ਧਰਮ, ਫ਼ਿਰਕੇ, ਜਾਤ, ਨਸਲ ਜਾਂ ਇਲਾਕਾਈ ਵੱਸੋਂ ਨਾਲ ਕੋਈ ਝਗੜਾ ਨਹੀਂ, ਪਰ ਉਹ ਆਪਣੇ ਹੱਕ ਖੋਹਣ ਵਾਲੇ ਦੁਸ਼ਟਾਂ ਦੇ ਜ਼ਬਰ ਦਾ ਪੂਰੀ ਦ੍ਰਿੜ੍ਹਤਾ ਨਾਲ ਉੱਤਰ ਦੇਣਗੇ।

ਇਹ ਸਮਾਗਮ ਸਪੱਸ਼ਟ ਕਰਦਾ ਹੈ ਕਿ ਪੰਜਾਬੋਂ ਬਾਹਰ ਰਹਿ ਗਏ ਸਿੱਖ ਵੱਸੋਂ ਵਾਲੇ ਇਲਾਕੇ ਹਰ ਹਾਲਤ ਵਿੱਚ ਪੰਜਾਬ ਅੰਦਰ ਸ਼ਾਮਲ ਕੀਤੇ ਜਾਣਗੇ। ਪੰਜਾਬ ਦੇ ਪਾਣੀਆਂ, ਬਿਜਲੀ, ਡੈਮਾਂ ਆਦਿ 'ਤੇ ਕਿਸੇ ਦੂਸਰੇ ਰਾਜ ਦਾ ਹੱਕ ਨਹੀਂ ਮੰਨਿਆ ਜਾਵੇਗਾ ਅਤੇ ਭਾਖੜਾ ਡੈਮ, ਬਿਆਸ-ਸਤਲੁਜ ਲਿੰਕ ਪ੍ਰੋਜੈਕਟ, ਰਾਜਿਸਥਾਨ ਫੀਡਰ ਅਤੇ ਸਤਲੁਜ-ਜਮਨਾ ਲਿੰਕ ਨਹਿਰ ਆਦਿ ਰਾਹੀਂ ਪੰਜਾਬ ਦੇ ਬਿਜਲੀ ਤੇ ਪਾਣੀ ਖੋਹਣ ਦੇ ਸਾਰੇ ਯਤਨ ਫ਼ੇਲ੍ਹ ਕੀਤੇ ਜਾਣਗੇ। ਇਸ ਤਰ੍ਹਾਂ ਪੰਜਾਬ ਦੀ ਕਿਸਾਨੀ ਦੀ ਸਾਮਰਾਜੀ ਆਰਥਿਕ ਲੁੱਟ ਨੂੰ ਰੋਕਿਆ ਜਾਵੇਗਾ ਅਤੇ ਉਹਨਾਂ ਦੀ ਠੀਕ ਦਰਾਂ 'ਤੇ ਖੇਤੀ ਲਈ ਲੋੜੀਂਦੀਆਂ ਵਸਤਾਂ ਦੀ ਸਪਲਾਈ ਅਤੇ ਉਹਨਾਂ ਦੀਆਂ ਜਿਨਸਾਂ ਦੇ ਯੋਗ ਭਾਅ ਦਿਵਾਏ ਜਾਣਗੇ।

ਇਹ ਸਮਾਗਮ ਇੱਕ ਵਾਰ ਫਿਰ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹੈ ਕਿ 'ਸਤਿਨਾਮੁ' ਦੇ ਧਾਰਨੀ ਸਿੱਖਾਂ ਦਾ ਧਰਮ, ਰਾਜਨੀਤੀ ਤੇ ਗੁਰਧਾਮ ਅਨਿੱਖੜ ਹਨ ਅਤੇ ਉਹ ਇਹਨਾਂ ਦੀ ਵਰਤੋਂ ਪੰਥਕ ਨਵ-ਉਸਾਰੀ ਲਈ ਕਰਦੇ ਹੀ ਰਹਿਣਗੇ ਅਤੇ ਸਿੱਖ ਆਪਣਾ ਸ਼ਸਤਰਧਾਰੀ ਹੋਣ ਦਾ ਹੱਕ ਤੇ ਗੁਰਧਾਮਾਂ ਵਿੱਚ ਸ਼ਸਤਰਾਂ 'ਤੇ ਪਾਬੰਦੀ ਨੂੰ ਪ੍ਰਵਾਨ ਨਹੀਂ ਕਰਦੇ। ਇਸ ਤੋਂ ਅੱਗੇ ਇਹ ਸਮਾਗਮ 'ਸਰਬੱਤ ਖ਼ਾਲਸਾ' ਜੀ ਨੂੰ ਬੇਨਤੀ ਕਰਦਾ ਹੈ ਕਿ ਉਹ ਕੇਵਲ ਸਿੱਖ ਜਗਤ ਅੰਦਰ ਹੀ ਨਹੀਂ, ਸਗੋਂ ਭਾਰਤ ਅਤੇ ਦੁਨੀਆ ਭਰ ਵਿੱਚ ਸਮਾਜ ਦੇ ਹਰ ਕੰਮ-ਕਾਜ ਤੇ ਸੰਸਥਾ ਅੰਦਰ ਅਤੇ ਖ਼ਾਸ ਕਰਕੇ ਰਾਜਨੀਤੀ ਉੱਪਰ ਧਰਮ ਦਾ ਪਹਿਰਾ ਬਣਾਈ ਰੱਖਣ ਲਈ ਸਦਾ ਹੀ ਯਤਨਸ਼ੀਲ ਰਹਿਣਗੇ। ਹੱਕ-ਸੱਚ ਦੇ ਇਸੇ ਰਸਤੇ 'ਤੇ ਚੱਲਦਿਆਂ ਹੋਇਆਂ ਹੀ ਦੁਨੀਆ ਅੰਦਰ ਵਿਨਾਸ਼ਕਾਰੀ ਸ਼ਕਤੀਆਂ ਨੂੰ ਠੱਲ੍ਹ ਪਾਈ ਜਾ ਸੱਕਦੀ ਹੈ ਤੇ ਉਹਨਾਂ ਦੀ ਮਨੁੱਖਾਂ ਵੱਲੋਂ ਕੀਤੀ ਜਾ ਰਹੀ ਦਸਾਂ ਨਹੁੰਆਂ ਦੀ ਕਿਰਤ-ਕਮਾਈ ਨੂੰ ਭੰਗ ਦੇ ਭਾੜੇ ਰੋੜ੍ਹਨ ਦੀ ਪ੍ਰਵਿਰਤੀ ਰੋਕੀ ਜਾ ਸੱਕਦੀ ਹੈ ਅਤੇ ਦੁਨੀਆ ਵਿੱਚ ਸ਼ਾਂਤੀ ਕਾਇਮ ਕੀਤੀ ਜਾ ਸੱਕਦੀ ਹੈ।

ਲਾਲਚ ਅਤੇ ਹਉਮੈ ਦੇ ਮਾਰੇ ਸਿੱਖ ਲੀਡਰ ਅਖਵਾਉਣ ਵਾਲੇ ਕੁਝ ਲੋਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਹੋ ਕੇ ਸ਼ਰਧਾ ਦੇ ਰੂਪ 'ਚ ਗੋਲਕਾਂ ਵਿੱਚ ਆਈ ਮਾਇਆ ਨੂੰ ਆਪਣੇ ਨਿੱਜਵਾਦ, ਧੜਿਆਂ ਅਤੇ ਰਾਜਨੀਤਕ ਉਦੇਸ਼ਾਂ ਲਈ ਵਰਤਣ ਦਾ ਘਿਨਾਉਣਾ ਤਰੀਕਾ

ਅਪਣਾਇਆ ਹੋਇਆ ਹੈ। ਇਸ ਪ੍ਰਵਿਰਤੀ ਅਧੀਨ ਸੇਵਾ ਸੰਭਾਲ ਦੇ ਪਰਦੇ ਹੇਠਾਂ ਗੁਰਧਾਮਾਂ ਦੀ ਜਾਇਦਾਦ ਦੀ ਲੁੱਟ ਤੇ ਕਈ ਕਿਸਮ ਦੇ ਕੁਕਰਮ ਤੇ ਚਰਿੱਤਰਹੀਣ ਢੰਗ ਤਰੀਕੇ ਇਹਨਾਂ ਪਵਿੱਤਰ ਅਸਥਾਨਾਂ ਵਿੱਚ ਅੱਜ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੀ ਮਿਲੀ ਭੁਗਤ ਨਾਲ ਵਰਤੇ ਜਾ ਰਹੇ ਹਨ। ਇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਨਾਲ ਮਿਲ ਕੇ ਸਿੱਖਾਂ 'ਤੇ ਹੋਏ ਜ਼ੁਲਮਾਂ 'ਤੇ ਪਰਦਾ ਪਾਉਣ ਦਾ ਯਤਨ ਕੀਤਾ ਹੈ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਸਮੇ ਕਮੇਟੀ ਦੇ ਅਧਿਕਾਰੀਆਂ ਵਿੱਚੋਂ ਕਈਆਂ ਨੇ ਸਿੱਖਾਂ ਨਾਲ ਧ੍ਰੋਹ ਕਮਾ ਕੇ ਸਰਕਾਰ ਨੂੰ ਸਹਿਯੋਗ ਦਿੱਤਾ। ਇਹਨਾਂ ਹਾਲਤਾਂ ਨੂੰ ਮੁੱਖ ਰੱਖ ਕੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲੋਕਲ ਗੁਰਦੁਆਰਾ ਕਮੇਟੀਆਂ ਦੀ ਮਿਆਦ ਪੁੱਗੀ ਹੋਣ ਕਰਕੇ, ਇਹ ਸਮਾਗਮ ਅੱਜ ਦੀ ਸ਼੍ਰੋਮਣੀ ਕਮੇਟੀ ਤੇ ਲੋਕਲ ਗੁਰਦੁਆਰਾ ਕਮੇਟੀਆਂ ਨੂੰ ਸਿੱਖਾਂ ਦੀਆਂ ਨੁਮਾਇੰਦਾ ਜਥੇਬੰਦੀਆਂ ਨਹੀਂ ਮੰਨਦਾ ਅਤੇ ਉਹਨਾਂ ਨੂੰ ਭੰਗ ਕਰਦਾ ਹੈ ਤੇ ਸਭ ਸਿੱਖ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਨਵਾਂ ਢਾਂਚਾ ਬਣਾਉਣ ਦਾ ਉਪਰਾਲਾ ਕਰਨ। ਸ਼ਰਧਾ ਤੇ ਦਾਨ ਵਜੋਂ ਦਿੱਤੀ ਜਾਣ ਵਾਲੀ ਮਾਇਆ ਸੰਬੰਧੀ ਇਹ ਸਮਾਗਮ ਗੁਰੂ ਘਰ ਵੱਲੋਂ ਪ੍ਰਚਲਤ ਹੇਠ ਲਿਖੇ ਅਸੂਲ ਸੰਗਤਾਂ ਨੂੰ ਸਦਾ ਧਿਆਨ ਵਿੱਚ ਰੱਖਣ ਦੀ ਬੇਨਤੀ ਕਰਦਾ ਹੈ:

੧. ਗ਼ਰੀਬ ਦਾ ਮੂੰਹ, ਗੁਰੂ ਕੀ ਗੋਲਕ।

੨. ਦਾਨ ਦੀਯੋ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 'ਇਨਹੀ' ਸ਼ਬਦ ਸਿੰਘਾਂ ਲਈ ਵਰਤਿਆ ਗਿਆ ਹੈ।)

ਸਿੱਖਾਂ ਦੀ ਅਣਖ ਤੋੜ ਕੇ ਤੇ ਪੱਤ ਰੋਲ ਕੇ ਸਿਧਾਂਤਕ, ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਪੱਖੋਂ ਉਹਨਾਂ ਨੂੰ ਆਪਣੇ ਗ਼ੁਲਾਮ ਬਣਾਉਣ ਲਈ ਬ੍ਰਾਹਮਣਾਂ-ਬਾਣੀਆਂ ਅਤੇ ਦਿੱਲੀ ਦਰਬਾਰ ਨੇ ਉਹਨਾਂ ਵਿੱਚੋਂ ਨਾਮ ਬਾਣੀ ਦੇ ਧਾਰਨੀਆਂ ਨੂੰ ਉੱਕਾ ਹੀ ਖ਼ਤਮ ਕਰ ਦੇਣ ਦੇ ਅਣਮਨੁੱਖੀ ਯਤਨਾਂ ਪਿੱਛੋਂ ਇੱਕ ਨਵਾਂ ਪੈਂਤੜਾ ਬਦਲ ਕੇ ਪੰਜਾਬ ਵਿੱਚ ਚੋਣਾਂ ਕਰਵਾਈਆਂ। ਮੰਦੇ ਭਾਗਾਂ ਨੂੰ ਕਿਸੇ ਯੋਗ ਅਗਵਾਈ ਦੀ ਅਣਹੋਂਦ ਕਾਰਨ ਸਿੱਖ ਜੁਝਾਰੂ, ਅਣਖੀਲੇ ਤੇ ਸੱਚੇ-ਸੁੱਚੇ ਵੀਰ ਤੇ ਭੈਣਾਂ ਇਹਨਾਂ ਚੋਣਾਂ ਦੀ ਯੋਗ ਵਰਤੋਂ ਕਰਨ ਤੋਂ ਲਾਂਭੇ ਰਹਿ ਗਏ ਅਤੇ ਸਿੱਖ ਜਗਤ ਦੇ, ਸਰਕਾਰ ਤੇ ਇੰਦਰਾ ਕਾਂਗਰਸ ਵਿਰੁੱਧ ਗੁੱਸੇ ਸਦਕਾ ਮੰਨੇ-ਪ੍ਰਮੰਨੇ ਲਾਲਚੀ, ਹਉਮੈ ਮਾਰੇ ਤੇ ਸਿੱਖਾਂ ਨਾਲ ਗ਼ੱਦਾਰੀ ਕਰਨ ਵਾਲਿਆਂ ਦਾ ਟੋਲਾ ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਦੀ ਅਗਵਾਈ ਵਿੱਚ ਪੰਜਾਬ ਦੀ ਰਾਜ-ਸਤਾ 'ਤੇ ਕਾਬਜ਼ ਹੋ ਗਿਆ। ਅੱਜ ਇਸ ਟੋਲੇ ਨੇ ਆਪਣੇ ਆਪ ਨੂੰ ਦਿੱਲੀ ਦਰਬਾਰ ਦੇ ਹਾਕਮਾਂ ਮਤਹਿਤ ਚੱਲਦੇ ਰਹਿਣ ਦਾ ਪ੍ਰਣ ਕੀਤਾ ਜਾਪਦਾ ਹੈ ਅਤੇ ਆਪਣੇ ਹੁਕਮਾਂ ਦੀ ਦੁਰਵਰਤੋਂ ਕਰਕੇ ਹਜ਼ਾਰਾਂ ਸਿੱਖ ਨੌਜੁਆਨਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕਰ ਰੱਖਿਆ ਹੈ ਤੇ ਭਾਰੀ ਗਿਣਤੀ ਵਿੱਚ ਗੱਭਰੂਆਂ ਦੇ ਵਰੰਟ ਜਾਰੀ ਕਰਕੇ ਉਹਨਾਂ ਦੇ ਸਿਰਾਂ ਦੇ ਵੱਡੇ-ਵੱਡੇ ਮੁੱਲ ਰੱਖੇ ਹੋਏ ਹਨ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ੧੦ ਜਨਵਰੀ ਨੂੰ 'ਰਸਤਾ ਰੋਕੋ' ਅੰਦੋਲਨ ਤੇ ਉਸ ਤੋਂ ਪਿੱਛੋਂ ਬਰਨਾਲਾ ਸਰਕਾਰ ਨੇ ੨੫੦੦ ਸਿੱਖ ਨੌਜੁਆਨਾਂ ਨੂੰ ਨਵੇਂ ਸਿਰਿਉਂ ਜੇਲ੍ਹੀਂ ਬੰਦ ਕਰ ਦਿੱਤਾ ਹੈ, ਜਦ ਕਿ ਪਹਿਲਾਂ ਫੜੇ ਅਜੇ ਛੱਡੇ ਨਹੀਂ ਗਏ। ਇਹ ਸਮਾਗਮ ਬਰਨਾਲਾ, ਬਲਵੰਤ, ਟੌਹੜਾ ਗ਼ੱਦਾਰਾਂ ਦੇ ਇਸ ਟੋਲੇ ਦੀ ਸਰਕਾਰ ਨੂੰ ਸਿੱਖਾਂ ਤੇ ਸਿੱਖੀ ਦੀ ਦੁਸ਼ਮਣ ਮੰਨਦਾ ਹੈ ਅਤੇ ਸਿੱਖ ਜਗਤ ਨੂੰ ਬੇਨਤੀ ਕਰਦਾ ਹੈ ਕਿ ਸਿੱਖਾਂ ਦੇ ਇਸ ਗ਼ੱਦਾਰ ਟੋਲੇ ਦਾ ਹਰ ਥਾਂ ਮੂੰਹ ਫਿਟਕਾਰਿਆ ਜਾਵੇ।

ਇਹ ਸਮਾਗਮ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਾਖੀ ਲਈ ਦਿੱਤੀਆਂ ਸ਼ਹੀਦੀਆਂ ਅਤੇ ਕੀਤੀਆਂ ਕੁਰਬਾਨੀਆਂ ਨੂੰ ਮੁੱਖ ਰੱਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਕਾਰ-ਸੇਵਾ ਦਾ ਕਾਰਜ ਦਮਦਮੀ ਟਕਸਾਲ (ਜਥਾ ਭਿੰਡਰਾਂ) ਨੂੰ ਸੌਂਪਦਾ ਹੈ ਅਤੇ ਸਮੂਹ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਟਕਸਾਲ ਦੇ ਮੁੱਖ ਸੇਵਾਦਾਰ ਬਾਬਾ ਠਾਕੁਰ ਸਿੰਘ ਜੀ ਨੂੰ ਅਤੇ ਉਹਨਾਂ ਵੱਲੋਂ ਇਸ ਕਾਰਜ ਲਈ ਸਹਿਯੋਗੀ ਬਣਾਏ ਗਏ ੪ ਮਹਾਂਪੁਰਖਾਂ ਨੂੰ ਪੂਰਨ ਸਹਿਯੋਗ ਦੇਣ। ਇਹ ਸਮਾਗਮ ਸਮੂਹ ਸੰਗਤਾਂ ਨੂੰ ਬੇਨਤੀ ਕਰਦਾ ਹੈ:

੧. ਕਿ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲਦਿਆਂ ਹੋਇਆਂ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਵਿੱਚ ਕੇਵਲ ਤੇ ਕੇਵਲ ਦਸਾਂ ਨਹੁੰਆਂ ਦੀ ਕਿਰਤ-ਕਮਾਈ ਰਾਹੀਂ ਇਕੱਤਰ ਹੋਈ ਮਾਇਆ ਹੀ ਭੇਟ ਕੀਤੀ ਜਾਵੇ ਅਤੇ ਠੱਗੀ-ਠੋਰੀ ਨਾਲ ਜੋੜਿਆ ਧਨ, ਇਸ ਦੀ ਉਸਾਰੀ ਵਿੱਚ ਨਾ ਵਰਤਿਆ ਜਾਵੇ। ਇਸ ਮਨਸ਼ੇ ਲਈ ਗੁਰੂ ਕੀ ਗੋਲਕ ਸਮੂਹ ਸੰਗਤਾਂ ਦੀਆਂ ਨਜ਼ਰਾਂ ਦੇ ਸਾਹਮਣੇ ਰਹੇ ਤੇ ਖੁੱਲ੍ਹੇ।

੨. ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਵਿੱਚ ਕੇਵਲ ਤੇ ਕੇਵਲ 'ਸਾਬਤ ਸੂਰਤ' ਅਤੇ ਬਨਾਉਟੀ ਸ਼ਿੰਗਾਰ ਤੋਂ ਰਹਿਤ ਸਿੰਘਾਂ ਤੇ ਸਿੰਘਣੀਆਂ ਨੂੰ ਸ਼ਾਮਲ ਹੋਣ ਦਿੱਤਾ ਜਾਏ।

੩. ਕਿ ਕਿਸੇ ਕਿਸਮ ਦਾ ਨਸ਼ਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਵੀ ਇਸ ਕਾਰ-ਸੇਵਾ ਵਿੱਚ ਹਿੱਸਾ ਨਾ ਲੈਣ ਦਿੱਤਾ ਜਾਵੇ।

੪. ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 'ਧਰਮ ਯੁੱਧ' ਮੋਰਚੇ ਸਮੇ ਖਾਧੀਆਂ ਕਸਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਇਸ ਕਾਰ-ਸੇਵਾ ਵਿੱਚ ਸ਼ਾਮਲ ਨਾ ਹੋਣ ਦਿੱਤਾ ਜਾਵੇ।

੫. ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦਾ ਸਮਰਥਨ ਕਰਨ ਵਾਲੇ ਸਰਕਾਰੀ ਅਫ਼ਸਰਾਂ, ਰਾਜਨੀਤਕਾਂ ਤੇ ਆਪਣੇ ਆਪ ਨੂੰ ਧਾਰਮਿਕ ਆਗੂ ਸਦਵਾਉਣ ਵਾਲਿਆਂ ਤੇ ਉਸ ਦੀ ਸਰਕਾਰੀ ਨਵ-ਉਸਾਰੀ ਕਰਨ ਕਰਾਉਣ ਤੇ ਉਸ ਦਾ ਸਮਰਥਨ ਕਰਨ ਵਾਲੇ ਲੋਕਾਂ ਨੂੰ ਇਸ ਕਾਰ-ਸੇਵਾ ਵਿੱਚ ਹਿੱਸਾ ਨਾ ਲੈਣ ਦਿੱਤਾ ਜਾਵੇ।

'ਸਰਬੱਤ ਖ਼ਾਲਸਾ' ਜੀ ਦਾ ਇਹ ਸਮਾਗਮ ਇੱਕ ਵਾਰ ਫਿਰ ਗੁਰੂ ਘਰ ਦੀਆਂ ਪਰੰਪਰਾਵਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਦਾਰੀ ਸਾਹਮਣੇ ਸਿਰ ਝੁਕਾਉਂਦਾ ਹੋਇਆ ਇਹ ਫ਼ੈਸਲਾ ਕਰਦਾ ਹੈ ਕਿ ਅੱਜ ਤੋਂ ਸਾਰੀਆਂ ਪੰਥਕ ਸਰਗਰਮੀਆਂ ਤੇ ਜਥੇਬੰਦੀਆਂ (ਜਿਸ ਵਿੱਚ ਸਿੱਖ ਧਰਮ ਤੇ ਰਾਜਨੀਤੀ ਚਲਾਉਣ ਵਾਲੀਆਂ ਜਥੇਬੰਦੀਆਂ ਵੀ ਸ਼ਾਮਲ ਹਨ) ਕੇਵਲ ਤੇ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਦਾਰੀ ਹੇਠ ਕੰਮ ਕਰਨਗੀਆਂ। ਇਸ ਮਨਸ਼ੇ ਦੀ ਪੂਰਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪੰਜ ਮੁੱਖ ਸੇਵਕਾਂ ਦੀ ਇੱਕ ਕਮੇਟੀ ਬਣਾਈ ਜਾਂਦੀ ਹੈ, ਜੋ ਸਮੁੱਚੇ ਸਿੱਖ ਪੰਥ ਨੂੰ ਅਗਵਾਈ ਦੇਵੇਗੀ। ਭਾ. ਧੰਨਾ ਸਿੰਘ, ਭਾ. ਗੁਰਬਚਨ ਸਿੰਘ ਮਾਨੋਚਾਹਲ, ਭਾ. ਗੁਰਦੇਵ ਸਿੰਘ, ਭਾ. ਅਰੂੜ ਸਿੰਘ ਅਤੇ ਭਾ. ਵੱਸਣ ਸਿੰਘ, ਇਸ ਕਮੇਟੀ ਦੇ ਮੈਂਬਰ ਹੋਣਗੇ। ਇਸ ਕਮੇਟੀ ਦੀ ਸਹਾਇਤਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸੇਵਕਾਂ ਦੀ ਇੱਕ ਵੱਡੀ ਕਮੇਟੀ ਥਾਪੀ ਜਾਂਦੀ ਹੈ। ਜਿਸ ਦੇ ਮੈਂਬਰਾਂ ਦੇ ਨਾਵਾਂ ਦੀ ਲਿਸਟ ਵੱਖਰੀ ਦਿੱਤੀ ਜਾ ਰਹੀ ਹੈ। ਇਸ ਨਵੀਂ ਬਣੀ ਸੰਸਥਾ ਦਾ ਸਕੱਤਰੇਤ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿੱਚ ਹੋਵੇਗਾ ਅਤੇ ਇਹ ਸਮਾਗਮ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਬੇਨਤੀ ਕਰਦਾ ਹੈ ਕਿ ਉਹ ਇਸ ਦਫ਼ਤਰ ਦੀ ਇਮਾਰਤ ਇਸ ਸੰਸਥਾ ਨੂੰ ਸੌਂਪ ਦੇਣ।

'ਸਰਬੱਤ ਖ਼ਾਲਸਾ' ਜੀ ਦਾ ਇਹ ਸਮਾਗਮ ਉੱਚਤਮ ਲੋਕਰਾਜੀ ਸਿੱਖ ਪਰੰਪਰਾਵਾਂ ਨੂੰ ਸੁਰਜੀਤ ਰੱਖਣ ਲਈ ਇਹ ਆਦੇਸ਼ ਦਿੰਦਾ ਹੈ ਕਿ ਖ਼ਾਲਸਾ ਜੀ ਦੇ ਸਲਾਨਾ ਜਨਮ ਦਿਵਸ (ਵਿਸਾਖੀ) ਅਤੇ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਆਉਣ ਦੀ ਵਰ੍ਹੇ ਗੰਢ (ਦੀਵਾਲੀ) ਦੇ ਅਵਸਰਾਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅਸਥਾਨ 'ਤੇ 'ਸਰਬੱਤ ਖ਼ਾਲਸਾ' ਜੀ ਦੇ ਸਮਾਗਮ ਬਿਨਾਂ ਨਾਗਾ ਕੀਤੇ ਜਾਣ।

'ਸਰਬੱਤ ਖ਼ਾਲਸਾ' ਜੀ ਦਾ ਇਹ ਮਹਾਨ ਅਤੇ ਇਤਿਹਾਸਿਕ ਸਮਾਗਮ ਇਹ ਗੱਲ ਫਿਰ ਦੁਹਰਾਉਂਦਾ ਹੈ ਕਿ ਸਿੱਖ 'ਸ੍ਰੀ ਅਨੰਦਪੁਰ ਸਾਹਿਬ ਦੇ ਮਤੇ' ਅਤੇ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਨਾਲ ਕੀਤੇ ਹੋਏ ਵਾਅਦਿਆਂ ਦੀ ਪ੍ਰਾਪਤੀ ਲਈ ਆਪਣਾ ਸੰਘਰਸ਼ ਜਾਰੀ ਰੱਖਣਗੇ।

'ਸਰਬੱਤ ਖ਼ਾਲਸਾ' ਜੀ ਦਾ ਇਹ ਸਮਾਗਮ ਸਪੱਸ਼ਟ ਕਰਦਾ ਹੈ ਕਿ ਸਿੱਖ ਭਾਰਤ ਵਿੱਚ ਗ਼ੁਲਾਮ ਹਨ ਅਤੇ ਅਜ਼ਾਦੀ ਉਹਨਾਂ ਦਾ ਮੁੱਢਲਾ ਅਧਿਕਾਰ ਹੈ।

ਸਿੱਖਾਂ ਦੇ ਨਾਲ ਜਿਹੜੀ ਲੜਾਈ ਹਿੰਦੂ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਕੇ ਸ਼ੁਰੂ ਕੀਤੀ ਹੈ, ਉਹ ਭਾਰਤ ਵਿੱਚੋਂ ਸਿੱਖੀ ਦਾ ਖੁਰਾ-ਖੋਜ ਮਿਟਾਉਣ ਲਈ ਉਸੇ ਤਰ੍ਹਾਂ ਦੀ ਯੋਜਨਾ ਬੱਧ ਸਾਜ਼ਿਸ਼ ਹੈ, ਜਿਸ ਤਰ੍ਹਾਂ ਸਰਕਾਰ ਨੇ ਬੁੱਧ ਧਰਮ ਨੂੰ ਫ਼ੌਜ ਦੀ ਵਰਤੋਂ ਕਰਕੇ ਖ਼ਤਮ ਕੀਤਾ ਹੈ। ਸਿੱਖਾਂ ਵਿਰੁੱਧ ਇਹ ਲੜਾਈ ਉਸੇ ਪੱਧਰ 'ਤੇ ਚਲਾਈ ਜਾ ਰਹੀ ਹੈ।

ਇਹ ਸਮਾਗਮ 'ਹਿਊਮਨ ਰਾਈਟਸ ਕਮਿਸ਼ਨ' ਅਤੇ 'ਅਮਨੈਸਟੀ ਇੰਟਰਨੈਸ਼ਨਲ' ਨੂੰ ਇਹ

ਬੇਨਤੀ ਕਰਦਾ ਹੈ ਕਿ ਭਾਰਤ ਵਿੱਚ ਸਿੱਖਾਂ 'ਤੇ ਭਾਰਤ ਸਰਕਾਰ ਵੱਲੋਂ ਕੀਤੇ ਗਏ ਜ਼ੁਲਮਾਂ ਤੇ ਸਿੱਖਾਂ ਦੇ ਨਾਲ ਹੋ ਰਹੇ ਨਸਲੀ ਵਿਤਕਰੇ ਅਤੇ ਉਹਨਾਂ ਦੀ ਨਸਲਕੁਸ਼ੀ ਦੀਆਂ ਸਾਰੀਆਂ ਘਟਨਾਵਾਂ ਦੀ ਘੋਖ ਕਰਨ। ਇਸ ਮਨਸ਼ੇ ਲਈ ਇਹ ਸਮਾਗਮ ਸਿੱਖ ਬੁੱਧੀਜੀਵੀਆਂ ਤੋਂ ਆਸ ਕਰਦਾ ਹੈ ਕਿ ਉਹ ਸਿੱਖਾਂ ਵਿਰੁੱਧ ਹੋਏ ਜ਼ੁਲਮਾਂ ਸੰਬੰਧੀ ਪੂਰੀ ਜਾਣਕਾਰੀ ਇਕੱਠੀ ਕਰਕੇ ਇਹਨਾਂ ਸੰਸਥਾਵਾਂ ਨੂੰ ਦੇਣਗੇ।

ਇਹ ਸਮਾਗਮ ਭਾਰਤ ਵਾਸੀ ਅਤੇ ਹੋਰ ਦੇਸਾਂ ਦੇ ਉਹਨਾਂ ਸਮੂਹ ਵਿਅਕਤੀਆਂ ਤੇ ਸੰਸਥਾਵਾਂ ਦਾ ਅਤੀ ਧੰਨਵਾਦੀ ਹੈ, ਜਿਹਨਾਂ ਨੇ ਸਿੱਖਾਂ 'ਤੇ ਹੋਏ ਘੱਲੂਘਾਰੇ ਸਮੇ ਉਹਨਾਂ ਲਈ ਹਾਅ ਦਾ ਨਾਹਰਾ ਮਾਰਿਆ ਹੈ, ਇਸ ਸੰਬੰਧ ਵਿੱਚ ਇਹ ਸਮਾਗਮ ਪੀਪਲ ਯੂਨੀਅਨ ਫਾਰ ਸਿਵਲ ਰਾਈਟਸ, ਪੀਪਲ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਅਤੇ ਸਿਟੀਜਨਜ਼ ਫਾਰ ਡੈਮੋਕਰੇਸੀ ਦਾ ਉਚੇਚੇ ਤੌਰ 'ਤੇ ਧੰਨਵਾਦ ਕਰਦਾ ਹੈ।

ਇਹ ਸਮਾਗਮ ਵਿਦੇਸ ਵਿੱਚ ਵੱਸਦੇ ਉਹਨਾਂ ਸਿੱਖਾਂ ਦਾ ਵੀ ਧੰਨਵਾਦੀ ਹੈ ਜਿਹਨਾਂ ਨੇ ਇਸ ਔਕੜ ਦੇ ਸਮੇ ਵਿੱਚ ਵੱਧ-ਚੜ੍ਹ ਕੇ ਆਪਣੇ ਵੀਰਾਂ ਦੀ ਸਹਾਇਤਾ ਕੀਤੀ ਅਤੇ ਭਾਰਤ ਅੰਦਰ ਪੰਜਾਬੋਂ ਬਾਹਰ ਵੱਸਣ ਵਾਲੇ ਸਿੱਖਾਂ ਨੂੰ ਇਹ ਬੇਨਤੀ ਕਰਦਾ ਹੈ ਕਿ ਉਹ ਪੂਰਾ-ਪੂਰਾ ਯਤਨ ਕਰਕੇ ਪੰਜਾਬ ਵਿੱਚ ਆਪਣਾ ਅੱਡਾ ਟਿਕਾਣਾ ਬਣਾਉਣ ਅਤੇ ਅਸੁਰੱਖਿਆ ਦੀ ਹਾਲਤ ਵਿੱਚ ਆਪਣੀ ਮਾਤ ਭੂਮੀ ਪਰਤ ਆਉਣ। ਪੰਜਾਬ ਦੇ ਸਿੱਖ ਉਹਨਾਂ ਨੂੰ ਪੂਰਾ ਸਹਿਯੋਗ ਦੇਣਗੇ। ਵਿਦੇਸ ਵਿੱਚ ਸਿੱਖਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਪੂਰੀ ਦ੍ਰਿੜ੍ਹਤਾ ਨਾਲ ਭਾਰਤ ਸਰਕਾਰ ਦੇ ਸਿੱਖਾਂ ਦੇ ਵਿਰੁੱਧ ਜ਼ੁਲਮਾਂ ਨੂੰ ਨੰਗਿਆ ਕਰਨਗੇ।

ਇਹ ਸਮਾਗਮ ਸਿੱਖ ਸਮਾਜ ਵਿੱਚ ਪ੍ਰਚਲਤ ਅਨੇਕਾਂ ਵਹਿਮਾਂ, ਭਰਮਾਂ, ਪੰਥਕ ਤੇ ਸਿੱਖ ਸਿਧਾਂਤ ਵਿਰੋਧੀ ਧਾਰਨਾਵਾਂ ਵੱਲ 'ਸਰਬੱਤ ਖ਼ਾਲਸਾ' ਜੀ ਦਾ ਧਿਆਨ ਦਿਵਾਉਂਦਾ ਹੋਇਆ ਇਹ ਆਦੇਸ਼ ਦਿੰਦਾ ਹੈ ਕਿ ਬਹੁਤ ਲੰਮੇ ਸਮੇ ਤੋਂ ਪ੍ਰਚਲਤ ਬ੍ਰਾਹਮਣੀ ਤੇ ਅੰਧ-ਵਿਸ਼ਵਾਸੀ ਧਾਰਨਾਵਾਂ ਨੂੰ ਜੜ੍ਹੋਂ ਪੁੱਟਣ ਦਾ ਯਤਨ ਕੀਤਾ ਜਾਵੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਅਸਲੀ-ਨਕਲੀ ਤੇ ਸੱਚ-ਕੱਚ ਦੇ ਫ਼ਰਕ ਨੂੰ ਸਮੂਹ ਸੰਗਤ ਵਿੱਚ ਪੂਰੇ ਜ਼ੋਰ ਨਾਲ ਨਿਖੇੜ ਕੇ ਦਰਸਾਇਆ ਤੇ ਪ੍ਰਚਾਰਿਆ ਜਾਵੇ। ਇਹ ਸਮਾਗਮ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਗੁਰਬਾਣੀ ਨੂੰ ਆਪਣੇ ਆਮ ਜੀਵਣ ਵਿੱਚ ਸੇਧ ਨਿਰਧਾਰਤ ਕਰਨ ਲਈ ਪੜ੍ਹਨ, ਉਚਾਰਨ ਅਤੇ ਸਮਝਣ ਲਈ ਸਦਾ ਯਤਨਸ਼ੀਲ ਰਹਿਣ ਦੀ ਹਦਾਇਤ ਕਰਦਾ ਹੈ ਤੇ ਸਭ ਸਿੰਘਾਂ ਨੂੰ ਨਸ਼ੇ ਤਿਆਗਣ ਤੇ ਸਾਬਤ ਸੂਰਤ ਰਹਿਣ ਤੇ ਅੰਮ੍ਰਿਤਧਾਰੀ ਹੋਣ ਦੀ ਪ੍ਰੇਰਨਾ ਕਰਦਾ ਹੈ।

ਇਹ ਸਮਾਗਮ ਹਿੰਦੂ ਫ਼ਿਰਕਾਪ੍ਰਸਤਾਂ ਵੱਲੋਂ ਭਾਰਤ ਦੀ ਵਿਧਾਨ-ਪਾਲਿਕਾ, ਕਾਰਜ-ਪਾਲਿਕਾ, ਨਿਆਂ-ਪਾਲਿਕਾ ਅਤੇ ਫ਼ੌਜਾਂ ਨੂੰ ਪੱਖਪਾਤੀ ਢੰਗ ਨਾਲ ਸਿੱਖਾਂ ਵਿਰੁੱਧ ਵਰਤਣ ਦੀਆਂ ਕਾਰਵਾਈਆਂ ਦੀ ਸਖ਼ਤ ਨਿਖੇਧੀ ਕਰਦਾ ਹੈ ਅਤੇ ਭਾਰਤ ਦੇ ਫ਼ਿਰਕਾਪ੍ਰਸਤ ਹਾਕਮਾਂ ਨੂੰ ਇਹ ਚਿਤਾਵਨੀ ਦਿੰਦਾ ਹੈ ਕਿ ਉਹਨਾਂ ਦੀ ਇਹ ਰੁਚੀ ਸਿੱਖਾਂ ਨੂੰ ਭਾਰਤ ਨਾਲੋਂ ਵੱਖ ਕਰਨ ਵਾਲੀ ਹੈ।

ਅੰਤ ਵਿੱਚ ਇਹ ਸਮਾਗਮ ਇੰਦਰਾ ਕਤਲ ਕਾਂਡ ਵਿੱਚ ਫਸਾਏ ਗਏ ਭਾਈ ਸਤਵੰਤ ਸਿੰਘ, ਭਾਈ ਬਲਬੀਰ ਸਿੰਘ ਅਤੇ ਭਾਈ ਕਿਹਰ ਸਿੰਘ ਹੋਰਾਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੋਇਆ ਭਾਰਤ ਦੇ ਹਾਕਮਾਂ ਨੂੰ ਇਸ ਨੂੰ ਖ਼ਤਮ ਕਰਨ ਲਈ ਕਹਿੰਦਾ ਹੈ ਅਤੇ ਸਿੱਖ ਸੰਗਤਾਂ ਨੂੰ ਇਸ ਦਾ ਢੁਕਵਾਂ ਉੱਤਰ ਦੇਣ ਦੀ ਬੇਨਤੀ ਕਰਦਾ ਹੈ। ਪਾਕਿਸਤਾਨ ਵਿੱਚ ਜਹਾਜ਼ ਅਗਵਾਕਾਰ ਤਿੰਨ ਸਿੱਖ ਜੁਝਾਰੂਆਂ ਭਾਈ ਪਰਮਿੰਦਰ ਸਿੰਘ ਹਰਫਨਮੌਲਾ, ਭਾਈ ਹਰਮਿੰਦਰ ਸਿੰਘ ਅਤੇ ਭਾਈ ਦਲੀਪ ਸਿੰਘ ਨੂੰ ਮੌਤ ਦੀ ਸਜ਼ਾ ਤੇ ਬਾਕੀਆਂ ਨੂੰ ਉਮਰ ਕੈਦ ਕਰਨ ਲਈ ਸਖ਼ਤ ਗੁੱਸਾ ਤੇ ਦੁੱਖ ਪ੍ਰਗਟਾਉਂਦਾ ਹੋਇਆ, ਪਾਕਿਸਤਾਨ ਸਰਕਾਰ ਤੋਂ ਮੰਗ ਕਰਦਾ ਹੈ ਕਿ ਇਹਨਾਂ ਨੂੰ ਫ਼ੌਰਨ ਰਿਹਾਅ ਕੀਤਾ ਜਾਵੇ।

ਇਹ ਸਮਾਗਮ ਸਪੱਸ਼ਟ ਕਰਦਾ ਹੈ ਕਿ ਜੇ ਇਹਨਾਂ ਸਿੰਘਾਂ ਜਾਂ ਇਹਨਾਂ ਵਿੱਚੋਂ ਕਿਸੇ ਇੱਕ ਨੂੰ ਵੀ ਸ਼ਹੀਦ ਕੀਤਾ ਗਿਆ ਤਾਂ ਇਹ ਖ਼ਾਲਿਸਤਾਨ ਦੇ ਸ਼ਹੀਦ ਸਦਵਾਉਣਗੇ/ਸਦਵਾਏਗਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

•